# News Release

mississauga.ca facebook.com/citymississauga twitter.com/citymississauga

**Mississauga ਵਿੱਚ ਏਰੀਅਲ ਸਪ੍ਰੇ ਪ੍ਰੋਗਰਾਮ ਸ਼ੁਰੂ ਹੋ ਰਿਹਾ ਹੈ**

City of Mississauga, ਅਸਥਾਈ ਤੌਰ ਤੇ ਨਿਯਤ 15 ਮਈ ਨੂੰ ਸ਼ੁਰੂ ਅਤੇ 12 ਜੂਨ, 2022 ਨੂੰ ਖਤਮ ਕਰਦੇ ਹੋਏ, ਏਰੀਅਲ ਸਪ੍ਰੇ ਕਰ ਰਹੀ ਹੈ। ਸਪ੍ਰੇ, ਸਵੇਰੇ 5 ਵਜੇ ਤੋਂ 7:30 ਵਜੇ ਤੱਕ ਕੀਤੀ ਜਾਵੇਗੀ। ਸਪ੍ਰੇ, ਪ੍ਰਭਾਵਿਤ ਸ਼ਹਿਰ ਨੇਬਰਹੁੱਡਸ ਵਿੱਚ, *Lymantria dispar dispar* (LDD) ਤੇ ਕੰਮ ਕਰੇਗੀ ਅਤੇ ਇਹਨਾਂ ਨੂੰ ਸੰਭਾਲੇਗੀ, ਇਸਨੂੰ ਪਹਿਲਾਂ "gypsy moth" ਕਿਹਾ ਜਾਂਦਾ ਸੀ। ਸਪ੍ਰੇ ਦਾ ਸਮਾਂ, ਮੌਸਮ ਸਬੰਧੀ ਸਥਿਤੀਆਂ, LDD ਸੁੰਡੀ ਦੇ ਪ੍ਰਗਟ ਹੋਣ ਅਤੇ ਰੁੱਖਾਂ ਉੱਤੇ ਪੱਤਿਆਂ ਦੇ ਵਿਕਾਸ ਤੇ ਨਿਰਭਰ ਕਰਦਾ ਹੈ। ਵਾਰਡਾਂ 1, 2, 3, 5, 6, 7, 8, 9, 10 ਅਤੇ 11 ਦੇ specific areas ਵਿੱਚ ਪ੍ਰਾਈਵੇਟ ਅਤੇ ਪਬਲਿਕ ਜ਼ਮੀਨ ਤੇ ਸਪ੍ਰੇ ਕੀਤੀ ਜਾਵੇਗੀ।


ਸਿਟੀ ਨੇ ਸਪ੍ਰੇ ਕਰਨ ਲਈ, Zimmer Air Services ਨਾਲ ਕਾਂਟਰੈਕਟ ਕੀਤਾ ਹੈ। ਸਪ੍ਰੇ ਸਿਸਟਮ ਦੇ ਨਾਲ, ਦੋ ਹੈਲੀਕਾਪਟਰ ਰੁੱਖਾਂ ਤੋਂ ਲਗਭਗ 15 ਤੋਂ 30 ਮੀਟਰ ਉੱਪਰ ਉੱਡਣਗੇ। ਸਪ੍ਰੇ ਮੌਸਮ ਦੇ ਹਿਸਾਬ ਨਾਲ ਹੋਵੇਗੀ ਅਤੇ ਸਿਰਫ ਸਹੀ ਸਥਿਤੀਆਂ ਵਿੱਚ ਹੀ ਕੀਤੀ ਜਾਵੇਗੀ। ਹਰ ਖੇਤਰ ਵਿੱਚ, ਲਗਭਗ ਸੱਤ ਤੋਂ 10 ਦਿਨਾਂ ਦੇ ਅੰਤਰਾਲ ਦੇ ਨਾਲ, ਦੋ ਵਾਰ ਸਪ੍ਰੇ ਕੀਤੀ ਜਾਵੇਗੀ।

ਸਿਟੀ ਨੇ ਸਪ੍ਰੇ ਨਾਲ ਸਬੰਧਿਤ ਤੁਹਾਡੇ ਕਿਸੇ ਵੀ ਖਾਸ ਸਵਾਲਾਂ ਤੇ ਧਿਆਨ ਦੇਣ ਲਈ, ਵਿਸਤ੍ਰਿਤ, FAQs ਡ੍ਰਾਫਟ ਕੀਤਾ ਹੈ, ਜਾਂ ਤੁਸੀਂ 20 ਅਪ੍ਰੈਲ ਦੀ public meeting ਵੇਖ ਸਕਦੇ ਹੋ।

ਸਪ੍ਰੇ ਕਰਨ ਦੀਆਂ ਖਾਸ ਤਾਰੀਖਾਂ ਦੀ ਚੋਣ 48 ਘੰਟੇ ਪਹਿਲਾਂ ਕੀਤੀ ਜਾਂਦੀ ਹੈ ਅਤੇ ਮੌਸਮ ਸਬੰਧੀਆਂ ਸਥਿਤੀਆਂ ਦੇ ਅਧਾਰ ਤੇ ਇਹ 12 ਘੰਟੇ ਪਹਿਲਾਂ ਰੱਦ ਕੀਤੀ ਜਾ ਸਕਦੀ ਹੈ। ਸਿਟੀ, ਹਰੇਕ ਇਲਾਜ ਤੋਂ 48 ਘੰਟੇ ਪਹਿਲਾਂ ਪਬਲਿਕ ਲਈ ਨੋਟਿਸ ਜਾਰੀ ਕਰੇਗੀ, ਜੋ ਏਰੀਅਲ ਸਪ੍ਰੇ ਵੈਬਸਾਈਟ ਤੇ ਸੂਚੀਬੱਧ ਹੈ ਅਤੇ mississauga.ca/2022spray ਤੇ, ਸੋਸ਼ਲ ਮੀਡੀਆ, @citymississauga ਅਤੇ @saugaparksrec ਤੇ ਅਪ-ਟੂ-ਡੇਟ ਜਾਣਕਾਰੀ ਦੇਵੇਗੀ। ਨਿਵਾਸੀਆਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਏਰੀਅਲ ਸਪ੍ਰੇ ਸਬੰਧੀ news alerts ਲਈ, ਸਾਈਨ-ਅੱਪ ਕਰੋ।

**ਸਪ੍ਰੇ ਸਬੰਧੀ ਥਾਵਾਂ**

ਇਹ ਪਤਾ ਲਗਾਉਣ ਲਈ ਕਿ ਕੀ ਤੁਹਾਡਾ ਘਰ, ਸਪ੍ਰੇ ਖੇਤਰ ਵਿੱਚ ਆਉਂਦਾ ਹੈ, ਔਨਲਾਈਨ, Aerial Spray Treatment map ਦੇਖੋ।



| **ਸਪ੍ਰੇ ਕੀਤੇ ਜਾਣ ਵਾਲੇ ਨੇਬਰਹੁੱਡਸ** | **ਸਪ੍ਰੇ ਕੀਤੇ ਜਾਣ ਵਾਲੇ ਪਾਰਕਸ ਅਤੇ ਵੁੱਡਲੈਂਡਸ** (ਸੂਚੀਬੱਧ ਨੇਬਰਹੁੱਡਸ ਤੋਂ ਇਲਾਵਾ) |
|---|---|
| Central Erin Mills<br>Clarkson-Lorne Park<br>Cooksville West<br>Creditview<br>East Credit<br>Erindale<br>Erin Mills<br>Gordon Woods<br>Meadowvale Village<br>Mineola<br>Rathwood<br>Sheridan<br>South Common<br>Streetsville<br>Southdown<br>University of Toronto Mississauga (UTM) | Britannia Woods Community Forest<br>Dr. Martin L. Dobkin Community Park<br>Eden Woods<br>Hyde's Mill Hollow<br>Jaycee Park<br>Marco Muzzo Sr. Memorial Park<br>Meadowvale Conservation Area<br>Paul Coffey Park<br>Pinecliff Park<br>Riverview Park<br>Riverwood<br>Sparling Woods<br>Staghorn Woods<br>Windrush Woods |

## ਏਰੀਅਲ ਸਪ੍ਰੇ ਦੇ ਬਾਰੇ ਵਿੱਚ

ਏਰੀਅਲ ਸਪ੍ਰੇ ਵਿੱਚ, ਬਾਇਓਲੋਜੀਕਲ ਕੀੜੇਮਾਰ ਦਵਾਈ, Foray 48B Biological Insecticide, Aqueous Suspension ਵਰਤੀ ਜਾਵੇਗੀ, ਜਿਸ ਵਿੱਚ the *Pest Control Product Act* ਹੇਠ ਰਜਿਸਟਰਡ, ਸਰਗਰਮ ਸਮੱਗਰੀ *Bacillus thuringiensis subspecies kurstaki* (Btk) ਸਟ੍ਰੇਨ ABTS-351 Registration #24977 ਸ਼ਾਮਲ ਹੈ। Health Canada ਦੇ ਮੁਤਾਬਕ, Btk ਇਲਾਜ ਨੂੰ ਮਨੁੱਖੀ ਸਿਹਤ ਅਤੇ ਵਾਤਾਵਰਣ ਤੇ ਬਹੁਤ ਹੀ ਘੱਟ ਜੋਖਮ ਵਾਲਾ ਮੰਨਿਆ ਗਿਆ ਹੈ। Btk, LDD ਜੀਵਨ ਚੱਕਰ ਦੀ ਸਿਰਫ ਸੁੰਡੀ ਸਟੇਜ ਵਿੱਚ ਹੀ ਜ਼ਹਿਰੀਲੀ ਹੁੰਦੀ ਹੈ ਅਤੇ ਇਹ ਬਾਲਗ ਪਤੰਗਿਆਂ ਜਾਂ ਤਿਤਲੀਆਂ ਨੂੰ ਪ੍ਰਭਾਵਿਤ ਨਹੀਂ ਕਰਦੀ।

ਕੀੜੇਮਾਰ ਦਵਾਈ ਸਬੰਧੀ, ਸਿਟੀ ਦਾ public notice ਦੇਖੋ।

ਵਿਆਪਕ LDD ਅਬਾਦੀਆਂ ਦਾ ਇਲਾਜ ਕਰਨ ਦਾ ਸਭ ਤੋਂ ਅਸਰਦਾਰ ਤਰੀਕਾ, ਹਵਾ ਤੋਂ Btk ਛਿੜਕਣਾ ਹੈ। ਹਾਲਾਂਕਿ ਏਰੀਅਲ ਸਪ੍ਰੇ, LDD ਨੂੰ ਜੜ੍ਹ ਤੋਂ ਖਤਮ ਨਹੀਂ ਕਰਦੀ, ਪਰੰਤੂ ਇਹ ਅਬਾਦੀਆਂ ਨੂੰ ਘਟਾ ਕੇ ਵੱਧ ਸੰਭਾਲਣਯੋਗ ਪੱਧਰਾਂ ਤੱਕ ਕਰ ਦੇਵੇਗੀ। ਸਪ੍ਰੇ, ਰੁੱਖਾਂ ਦੇ ਸਭ ਤੋਂ ਉੱਪਰੀ ਹਿੱਸਿਆਂ ਤੇ ਕੀਤੀ ਜਾਵੇਗੀ।

## ਏਰੀਅਲ ਸਪ੍ਰੇ ਦੇ ਦਿਨ ਲਈ ਤਿਆਰੀ ਕਰਨਾ

ਸਿਟੀ, ਇਹ ਯਕੀਨੀ ਬਣਾਉਣ ਲਈ ਵਚਨਬੱਧ ਹੈ ਕਿ Mississauga ਨੂੰ ਸਿਹਤਮੰਦ ਅਤੇ ਸਾਰੇ ਨਿਵਾਸੀਆਂ ਲਈ ਰਹਿਣਯੋਗ ਰੱਖਣ ਲਈ ਸਾਰੇ ਸੰਭਵ ਕਦਮ ਚੁੱਕ ਰਹੀ ਹੈ। ਨਿਵਾਸੀਆਂ ਦੀ ਸੁਰੱਖਿਆ ਅਤੇ ਸਿਹਤ ਅਤੇ ਵਾਤਾਵਰਣ ਦੀ ਰੱਖਿਆ, ਸਭ ਤੋਂ ਵੱਡੀਆਂ ਤਰਜੀਹਾਂ ਹਨ। ਪਬਲਿਕ ਨੂੰ

ਸਵੇਰ ਦੇ ਸਮੇਂ ਹੈਲੀਕਾਪਟਰ ਦੇ ਸ਼ੋਰ ਸੁਣਾਈ ਦੇ ਸਕਦੇ ਹਨ। ਪਬਲਿਕ, ਸਟਾਫ ਅਤੇ ਸਪ੍ਰੇ ਕਰਨ ਵਾਲਿਆਂ ਲਈ ਘੱਟੋ-ਘੱਟ ਜੋਖਮ ਨੂੰ ਯਕੀਨੀ ਬਣਾਉਣ ਲਈ, ਸੁਰੱਖਿਆ ਸਬੰਧੀ ਸਾਰੀਆਂ ਜ਼ਰੂਰੀ ਸਾਵਧਾਨੀਆਂ ਵਰਤੀਆਂ ਜਾਣਗੀਆਂ।

Peel Public Health ਸਲਾਹ ਦਿੰਦੀ ਹੈ ਕਿ ਨਿਵਾਸੀ, ਸਪ੍ਰੇ ਦੇ ਦੌਰਾਨ ਅਤੇ ਇਸਦੇ ਬਾਅਦ 30 ਮਿੰਟਾਂ ਤੱਕ, ਬੂੰਦਾਂ ਨੂੰ ਸੈਟਲ ਹੋਣ ਦੇਣ ਲਈ ਇਨਡੋਰ ਹੀ ਰਹਿਣ।

ਸਪ੍ਰੇ ਤੋਂ ਪਹਿਲਾਂ, ਨਿਵਾਸੀਆਂ ਨੂੰ ਇਹ ਕਰਨਾ ਚਾਹੀਦਾ ਹੈ:

- ਖਿੜਕੀਆਂ ਬੰਦ ਕਰ ਦਿਓ
- ਪੱਖੇ ਅਤੇ ਏਅਰਕੰਡੀਸ਼ਨਰ ਬੰਦ ਕਰ ਦਿਓ, ਜਾਂ ਰੀਸਰਕੁਲੇਟ ਸੈਟਿੰਗ ਚੁਣੋ
- ਧੋਣ ਵਾਲੇ ਕੱਪੜੇ ਅਤੇ ਖਿਡੌਣੇ ਅੰਦਰ ਲੈ ਆਓ
- ਸਾਰੇ ਸਬਜ਼ੀ ਅਤੇ ਹਰਬ ਗਾਰਡਨਾਂ ਨੂੰ ਢਕ ਦਿਓ
- ਪਾਲਤੂ ਜਾਨਵਰਾਂ ਨੂੰ ਅੰਦਰ ਰੱਖੋ
- ਪੂਲਸ, BBQs, ਖੇਡਣ ਵਾਲੇ ਉਪਕਰਨ, ਲਾਅਨ ਫਰਨੀਚਰ ਅਤੇ ਆਟੋਮੋਬਾਈਲਸ ਨੂੰ ਢਕ ਦਿਓ

ਸਪ੍ਰੇ ਤੋਂ ਬਾਅਦ, ਨਿਵਾਸੀਆਂ ਨੂੰ ਇਹ ਕਰਨਾ ਚਾਹੀਦਾ ਹੈ:

- ਪੂਲ ਕਵਰਸ, BBQs, ਖੇਡਣ ਵਾਲੇ ਉਪਕਰਨ, ਲਾਅਨ ਫਰਨੀਚਰ ਅਤੇ ਆਟੋਮੋਬਾਈਲਸ ਨੂੰ ਪਾਣੀ ਨਾਲ ਧੋਵੋ/ਹੰਗਾਲੋ
- ਨਿੱਜੀ ਅਤੇ ਭੋਜਨ ਸਬੰਧੀ ਚੰਗੀ ਤਰ੍ਹਾਂ ਸਫਾਈ ਰੱਖੋ (ਉਦਾਹਰਨ ਲਈ, ਆਉਟਡੋਰ ਗਤੀਵਿਧੀਆਂ ਤੋਂ ਬਾਅਦ ਹੱਥ ਧੋਣਾ, ਖਾਸ ਕਰਕੇ ਬਾਗਬਾਨੀ ਕਰਨ ਤੋਂ ਬਾਅਦ; ਬਾਹਰਲੀਆਂ ਜੁੱਤੀਆਂ ਨੂੰ ਦਰਵਾਜੇ ਤੇ ਹੀ ਛੱਡੋ; ਖਾਣ ਜਾਂ ਪਕਾਉਣ ਤੋਂ ਪਹਿਲਾਂ ਸਾਰੇ ਫਲਾਂ ਅਤੇ ਸਬਜ਼ੀਆਂ ਨੂੰ ਧੋਵੋ)
- ਘਰ ਵਿੱਚ ਦਾਖਲ ਕਰਨ ਤੋਂ ਪਹਿਲਾਂ ਪਾਲਤੂ ਜਾਨਵਰਾਂ ਦੇ ਪੰਜੇ ਧੋ ਦਿਓ

ਸਿਹਤ ਅਤੇ Btk ਦੀ ਵਰਤੋਂ ਬਾਰੇ ਕਿਸੇ ਵੀ ਚਿੰਤਾਵਾਂ ਜਾਂ ਸਵਾਲਾਂ ਲਈ ਨਿਵਾਸੀ, Peel Public Health ਨੂੰ, 905-799-7700 ਤੇ ਫੋਨ ਕਰ ਸਕਦੇ ਹਨ। ਨਿਵਾਸੀ ਆਪਣੇ ਡਾਕਟਰ ਨਾਲ ਵੀ ਗੱਲ ਕਰ ਸਕਦੇ ਹਨ।

**ਸੜਕਾਂ ਦਾ ਬੰਦ ਹੋਣਾ ਅਤੇ ਟ੍ਰੈਫਿਕ ਸਬੰਧੀ ਵਿਘਨ**

ਸਿਟੀ, ਇੱਕ ਟ੍ਰੈਫਿਕ ਪਲਾਨ ਲਾਗੂ ਕਰੇਗੀ, ਜਿਸ ਵਿੱਚ ਸੜਕਾਂ, ਪਾਰਕਾਂ ਅਤੇ ਟ੍ਰੇਲ ਨੂੰ ਅਸਥਾਈ ਰੂਪ ਨਾਲ ਬੰਦ ਕਰਨ ਦੀ ਲੋੜ ਹੈ। ਇਹ ਕਲੋਜਰ, Transport Canada ਦੀਆਂ ਪ੍ਰਵਾਨਗੀ ਸ਼ਰਤਾਂ ਨੂੰ ਪੂਰਾ ਕਰਨ ਲਈ ਜ਼ਰੂਰੀ ਹਨ। ਟ੍ਰੈਫਿਕ ਨੂੰ ਸਪ੍ਰੇ ਦੇ ਦੌਰਾਨ ਹੈਲੀਕਾਪਟਰ ਗਤੀਵਿਧੀ ਤੋਂ ਸੁਚੇਤ ਕਰਨ ਲਈ, ਫਲੈਸ਼ਿੰਗ ਲਾਈਟਾਂ ਅਤੇ ਸਾਈਨੇਜ ਵਾਲੇ ਵਾਹਨਾਂ ਦੀ ਵਰਤੋਂ ਵੀ ਕੀਤੀ ਜਾਵੇਗੀ।

ਸੜਕਾਂ, ਸਵੇਰੇ 5 ਵਜੇ ਅਤੇ 7:30 ਵਜੇ ਸੰਭਾਵਿਤ ਤੌਰ ਤੇ 30 ਮਿੰਟਾਂ ਤੋਂ ਘੱਟ ਸਮੇਂ ਤੱਕ ਬੰਦ ਕੀਤੀਆਂ ਜਾਂਦੀਆਂ ਹਨ। ਸਾਰੀਆਂ ਐਮਰਜੈਂਸੀ ਸੇਵਾਵਾਂ ਦੀ, ਸਪ੍ਰੇ ਜ਼ੋਨਾਂ ਦੇ ਅੰਦਰ ਸਾਰੀਆਂ ਪ੍ਰਾਪਰਟੀਜ ਤੱਕ ਪੂਰੀ ਪਹੁੰਚ ਹੋਵੇਗੀ।

# News Release

mississauga.ca facebook.com/citymississauga twitter.com/citymississauga

ਤੁਹਾਡੀ ਪ੍ਰਾਪਰਟੀ ਤੇ LDD ਤੇ ਨਿਯੰਤਰਣ ਪਾਉਣ ਲਈ ਤੁਸੀਂ ਕੀ ਕਰ ਸਕਦੇ ਹੋ, ਇਸ ਬਾਰੇ ਸਵਾਲਾਂ ਲਈ ਅਪ-ਟੂ-ਡੇਟ ਜਾਣਕਾਰੀ, ਏਰੀਅਲ ਸਪ੍ਰੇ ਵੇਰਵਿਆਂ, ਜਿਵੇਂ ਸਪ੍ਰੇ ਦੀਆਂ ਤਾਰੀਖਾਂ, ਸਮੇਂ ਅਤੇ ਥਾਵਾਂ ਲਈ, 311 (905-615-4311 ਤੇ, ਜੇਕਰ City of Mississauga ਦੀਆਂ ਸੀਮਾਵਾਂ ਤੋਂ ਬਾਹਰ) ਤੇ ਫੋਨ ਕਰੋ ਜਾਂ mississauga.ca/2022spray ਤੇ ਜਾਓ।

**ਫੋਟੋਆਂ**



[Download photo]



[Download photo]

-30-

**ਮੀਡੀਆ ਸੰਪਰਕ:**

City of Mississauga Media Relations
media@mississauga.ca
905-615-3200, ext. 5232
TTY: 905-896-5151